ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ

ਹੁਕਮ ਨੰ : 10/109-13 ਅ1(5) ਕੋ:ਸ:3
ਮਿਤੀ, ਐਸ.ਏ.ਐਸ.ਨਗਰ : 04.05.2015

ਸ਼੍ਰੀਮਤੀ ਗੁਰਪ੍ਰੀਤ ਕੌਰ, ਲੈਕਚਰਾਰ ਬਾਇਆਲੋਜੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬੜਾ ਪਿੰਡ ਲੀਅਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ , ਸੰਗੋਵਾਲ (ਜਲੰਧਰ) ਜੋ ਮਿਤੀ 02.06.2002 ਤੋਂ ਆਪਣੀ ਡਿਊਟੀ ਤੋਂ ਅਣਅਧਿਕਾਰਿਤ ਤੌਰ ਤੇ ਗੈਰ ਹਾਜਰ ਰਹਿਣ ਕਾਰਨ, ਨੂੰ ਇਸ ਦਫਤਰ ਦੇ ਹੁਕਮ ਨੰ: 10/109-13 ਅ1(5)ਕੋ:ਸੈਲ (3)/5522-23 ਮਿਤੀ 25.02.15/30.03.15 ਰਾਹੀਂ ਦੋਸ਼ ਸੂਚੀ ਜਾਰੀ ਕੀਤੀ ਗਈ ਸੀ। ਕਰਮਚਾਰੀ/ਕਰਮਚਾਰਨ ਵਲੋਂ ਦੋਸ਼ ਸੂਚੀ ਦਾ ਉੱਤਰ ਨਾ ਦੇਣ ਕਾਰਨ ਦੋਸ਼ ਸੂਚੀ ਵਿੱਚ ਲਗਾਏ ਦੋਸ਼ਾਂ ਦੀ ਸੱਚਾਈ ਜਾਨਣ ਲਈ ਮੰਡਲ ਸਿੱਖਿਆ ਅਫਸਰ, ਜਲੰਧਰ ਨੂੰ ਪੜਤਾਲੀਆ ਅਫਸਰ ਅਤੇ ਦਫ਼ਤਰ ਜਿਲਾ ਸਿਖ਼ਿਆ ਅਫ਼ਸਰ (ਸੈਸਿ) ਜਲੰਧਰ ਦੇ ਡੀਲਿੰਗ ਸਹਾਇਕ ਨੂੰ ਪੇਸ਼ੀ ਅਫ਼ਸਰ ਨਿਯੁੱਕਤ ਕੀਤਾ ਜਾਂਦਾ ਹੈ।

2. ਪੜਤਾਲੀਆ ਅਫਸਰ 30 ਦਿਨ ਦੇ ਅੰਦਰ-ਅੰਦਰ ਪੜਤਾਲ ਮੁਕੰਮਲ ਕਰਕੇ ਰਿਪੋਰਟ ਇਸ ਦਫਤਰ ਨੂੰ ਸੌਂਪਣਗੇ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ।

ਪਿੰਠ ਅੰਕਣ ਨੰ: ਉਕਤ/ 9426-29 ਮਿਤੀ , ਐਸ.ਏ.ਐਸ.ਨਗਰ:- 13/05/2015

ਉਤਾਰਾ ਹੇਠ ਲਿਖਿਆ ਨੂੰ ਸੂਚਨਾ/ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਦਾ ਹੈ:-

1. ਮੰਡਲ ਸਿੱਖਿਆ ਅਫਸਰ, ਜਲੰਧਰ ਨੂੰ ਦੋਸ ਸੂਚੀ ਦੀ ਕਾਪੀ ਭੇਜਕੇ ਲਿਖਿਆ ਜਾਂਦਾ ਹੈ ਕਿ ਨਿਸਚਿਤ ਸਮੇਂ ਅੰਦਰ ਪੜਤਾਲ ਕਰਕੇ ਰਿਪੋਰਟ ਦੋਹਰੀ ਪੜ੍ਹਤ ਵਿੱਚ ਇਸ ਦਫਤਰ ਨੂੰ ਭੇਜੀ ਜਾਵੇ।
2. ਜਿਲ੍ਹਾ ਸਿੱਖਿਆ ਅਫਸਰ (ਸੈਸਿ) ਜਲੰਧਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਬੰਧਤ ਡੀਲਿੰਗ ਹੈਂਡ ਨੂੰ ਹਦਾਇਤ ਕੀਤੀ ਜਾਵੇ ਕਿ ਪੜਤਾਲ ਵਿੱਚ ਪੜਤਾਲੀਆ ਅਫਸਰ ਨੂੰ ਪੂਰਨ ਸਹਿਯੋਗ ਦੇਣ।
3. ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬੜਾ ਪਿੰਡ ਲੀਅਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ , ਸੰਗੋਵਾਲ (ਜਲੰਧਰ)
4. ਸ਼੍ਰੀਮਤੀ ਗੁਰਪ੍ਰੀਤ ਕੌਰ, ਲੈਕਚਰਾਰ ਬਾਇਆਲੋਜੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬੜਾ ਪਿੰਡ ਲੀਅਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ , ਸੰਗੋਵਾਲ (ਜਲੰਧਰ)।

ਨੱਥੀ: ਦੋਸ਼ ਸੂਚੀ ਦੀ ਕਾਪੀ

ਸੁਪਰਡੰਟ ਕੋਆਰਡੀਨੇਸ਼ਨ ਸੈਲ

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ।
(ਕੋਆਰਡੀਨੇਸ਼ਨ ਸੈਲ)

ਹੁਕਮ ਨੰ: 10/109-2013 ਅਮਲਾ-1(5)/ਕੋ:ਸੈਲ (3)/ 5521
ਮਿਤੀ, ਐਸ.ਏ.ਐਸ.ਨਗਰ: 25.02.2015

**ਦੋਸ਼ ਸੂਚੀ**

ਸ਼੍ਰੀਮਤੀ ਗੁਰਪ੍ਰੀਤ ਕੌਰ, ਲੈਕਚਰਾਰ ਬਾਇਆਲੋਜੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬੜਾ ਪਿੰਡ ਹੁਣ ਲੀਅਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸੰਗੋਵਾਲ ਜ਼ਿਲ੍ਹਾ ਜਲੰਧਰ ਨੂੰ ਇਸ ਪੱਤਰ ਰਾਹੀ ਸੂਚਿਤ ਕੀਤਾ ਜਾਂਦਾ ਹੈ ਕਿ ਉਸ ਵਿਰੁਧ ਪੰਜਾਬ ਸਿਵਲ ਸੇਵਾ (ਸਜਾ ਤੇ ਅਪੀਲ) ਨਿਯਮਾਵਾਲੀ 1970 ਦੀ ਧਾਰਾ 8 ਦੇ ਨਿਯਮ 5 (V ਤੋ IX ) ਅਧੀਨ ਇਸ ਪੱਤਰ ਨਾਲ ਨੱਥੀ ਕੀਤੇ ਦੋਸ਼ ਵਿਵਰਣ ਵਿਚ ਦਰਸਾਏ ਦੋਸ਼ਾ ਸੰਬਧੀ ਕਾਰਵਾਈ ਕਰਨ ਦੀ ਤਜਵੀਜ ਹੈ।

2. ਸ਼੍ਰੀਮਤੀ ਗੁਰਪ੍ਰੀਤ ਕੌਰ, ਲੈਕਚਰਾਰ ਬਾਇਆਲੋਜੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬੜਾ ਪਿੰਡ ਹੁਣ ਲੀਅਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸੰਗੋਵਾਲ ਜ਼ਿਲ੍ਹਾ ਜਲੰਧਰ ਨੂੰ ਲਿਖਿਆ ਜਾਂਦਾ ਹੈ ਕਿ ਉਹ ਇਸ ਪੱਤਰ ਦੀ ਪੰਹੁਚ ਤੋ 21 ਦਿਨਾਂ ਦੇ ਅੰਦਰ- ਅੰਦਰ ਲਿਖਤੀ ਰੂਪ ਵਿਚ ਦੱਸੇ ਕਿ ਉਹ ਇਹਨਾਂ ਸਾਰਿਆਂ ਜਾਂ ਕਿਸੇ ਦੋਸ਼ ਨੂੰ ਮੰਨਦੀ ਹੈ ਜਾਂ ਇਸ ਬਾਰੇ ਕੋਈ ਜਵਾਬ ਪੇਸ਼ ਕਰਨਾ ਚਾਹੁੰਦੀ ਹੈ।

3. ਸ਼੍ਰੀਮਤੀ ਗੁਰਪ੍ਰੀਤ ਕੌਰ, ਲੈਕਚਰਾਰ ਬਾਇਆਲੋਜੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬੜਾ ਪਿੰਡ ਹੁਣ ਲੀਅਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸੰਗੋਵਾਲ ਜ਼ਿਲ੍ਹਾ ਜਲੰਧਰ ਨੂੰ ਇਸ ਪੱਤਰ ਰਾਂਹੀ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਉਹ ਆਪਣਾ ਲਿਖਤੀ ਜੁਆਬ ਤਿਆਰ ਕਰਨ ਲਈ ਸਬੰਧਤ ਰਿਕਾਰਡ ਵੇਖਣਾ ਚਾਹੇ ਤਾਂ ਉਹ ਡਾਇਰੈਕਟੋਰੇਟ/ਸਬੰਧਤ ਜਿਲਾ ਸਿਖਿਆ ਅਫਸਰ (ਸੈ:ਸਿ:) ਦੇ ਦਫਤਰ ਵਿਚ ਇਸ ਪੱਤਰ ਦੀ ਪਹੁੰਚ ਤੋਂ ਇਕ ਹਫਤੇ ਦੇ ਅੰਦਰ- ਅੰਦਰ ਵੇਖ ਸਕਦੀ ਹੈ। ਇਸ ਨੂੰ ਇਹ ਲਿਖਿਆ ਜਾਂਦਾ ਹੈ ਕਿ ਉਸ ਨੂੰ ਕੇਵਲ ਉਹੀ ਰਿਕਾਰਡ ਵਿਖਾਇਆ ਜਾਵੇਗਾ ਜੋ ਉਪਰੋਕਤ ਅਫਸਰ ਦੇ ਪਾਸ ਹੋਵੇਗਾ ਅਤੇ ਜਿਸ ਦਾ ਸਿੱਧਾ ਸਬੰਧ ਇਸ ਕੇਸ ਨਾਲ ਹੋਵੇਗਾ। ਜੇਕਰ ਉਸ ਅਫਸਰ ਦੀ ਰਾਏ ਵਿਚ ਇਹ ਰਿਕਾਰਡ ਵਿਖਾਉਣਾ ਲੋਕ ਹਿਤ ਵਿਚ ਨਹੀ ਹੋਵੇਗਾ ਤਾਂ ਉਹ ਰਿਕਾਰਡ ਵਿਖਾਉਣ ਤੋ ਨਾਂਹ ਕਰ ਸਕਦਾ ਹੈ। ਜੇਕਰ ਉਹ ਕੋਈ ਹੋਰ ਸਬੰਧਤ ਰਿਕਾਰਡ, ਜੋ ਉਸ ਦਫਤਰ ਪਾਸ ਨਾਂ ਹੋਵੇ, ਵੇਖਣਾਂ ਚਾਹੇ ਤਾਂ ਉਸ ਦਾ ਸਬੰਧਤ ਰਿਕਾਰਡ ਨੂੰ ਨਾਂ ਵੇਖਣਾਂ ਉਸ ਦੇ ਲਿਖਤੀ ਜਵਾਬ ਵਿਚ ਦੇਰ ਨਾਲ ਦੇਣ ਦਾ ਯੋਗ ਕਾਰਨ ਨਹੀ ਮੰਨਿਆ ਜਾਵੇਗਾ ਅਤੇ ਲਿਖਤੀ ਜਵਾਬ ਇਸ ਪੱਤਰ ਦੇ ਨਿਸ਼ਚਿਤ ਸਮੇਂ ਦੇ ਅੰਦਰ- ਅੰਦਰ ਸਹੀਕਰਤਾ ਨੂੰ ਨਾਂ ਮਿਲਿਆ ਤਾਂ ਇਹ ਸਮਝਿਆ ਜਾਵੇਗਾ ਕਿ ਉਸ ਨੇ ਕੋਈ ਜਵਾਬ ਨਹੀ ਦੇਣਾ। ਜਵਾਬ ਨਾਂ ਦੇਣ ਦੀ ਸੂਰਤ ਵਿਚ ਕੇਸ ਦਾ ਇਕ ਤਰਫਾ ਫੈਸਲਾ ਗੁਣ ਦੋਸ਼ਾਂ ਦੇ ਆਧਾਰ ਤੇ ਕਰ ਦਿੱਤਾ ਜਾਵੇਗਾ।

ਲਿਖਤੀ ਜਵਾਬ ਜਿਲਾ ਸਿਖਿਆ ਅਫਸਰ (ਸੈ:ਸਿ:), ਜਲੰਧਰ/ਸਬੰਧਤ ਸਕੂਲ ਮੁੱਖੀ ਰਾਂਹੀ ਭੇਜਿਆ ਜਾਵੇ ਅਤੇ ਇਸ ਦੀ ਇਕ ਕਾਪੀ ਇਸ ਦਫਤਰ ਨੂੰ ਭੇਜੀ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਸ/- ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ।

ਵੱਲ
ਸ਼੍ਰੀਮਤੀ ਗੁਰਪ੍ਰੀਤ ਕੌਰ, ਲੈਕਚਰਾਰ ਬਾਇਆਲੋਜੀ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸੰਗੋਵਾਲ ਜ਼ਿਲ੍ਹਾ ਜਲੰਧਰ।

ਪਿੱਠ ਅੰਕਣ ਨੰ: ਉਕਤ/ 5522-23
ਮਿਤੀ ,ਐਸ.ਏ.ਐਸ.ਨਗਰ: 3/3/15

ਉਤਾਰਾ ਹੇਠ ਲਿਖਿਆਂ ਨੂੰ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਜਿਲਾ ਸਿਖਿਆ ਅਫਸਰ (ਸੈ:ਸਿ:), ਜਲੰਧਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਕਰਮਚਾਰਨ ਦਾ ਉਤਰ ਨਿਸ਼ਚਿਤ ਸਮੇ ਦੇ ਅੰਦਰ- ਅੰਦਰ ਪ੍ਰਾਪਤ ਕਰਕੇ ਆਪਣੀ ਟਿਪਣੀ ਸਹਿਤ ਇਸ ਦਫਤਰ ਨੂੰ ਭੇਜਆ ਜਾਵੇ।

2. ਪ੍ਰਿੰਸੀਪਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬੜਾ ਪਿੰਡ ਹੁਣ ਲੀਅਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸੰਗੋਵਾਲ ਜ਼ਿਲ੍ਹਾ ਜਲੰਧਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਕਰਮਚਾਰਨ ਦਾ ਉਤਰ ਨਿਸ਼ਚਿਤ ਸਮੇ ਦੇ ਅੰਦਰ- ਅੰਦਰ ਪ੍ਰਾਪਤ ਕਰਕੇ ਆਪਣੀ ਟਿਪਣੀ ਸਹਿਤ ਜਿਲਾ ਸਿੱਖਿਆ ਅਫਸਰ (ਸੈ:ਸਿ:) ਜਲੰਧਰ ਰਾਹੀਂ ਇਸ ਦਫਤਰ ਨੂੰ ਭੇਜਆ ਜਾਵੇ।

25/3/15
ਸ/- ਸੁਪਰਡੰਟ ਕੋਆਰਡੀਨੇਸ਼ਨ ਸੈਲ

## <u>ਦੋਸ਼ ਸੂਚੀ</u>

ਦੋਸ਼ ਸੂਚੀ ਵਿਰੁਧ-ਸ਼੍ਰੀਮਤੀ ਗੁਰਪ੍ਰੀਤ ਕੌਰ, ਲੈਕਚਰਾਰ ਬਾਇਆਲੋਜੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬੜਾ ਪਿੰਡ ਹੁਣ ਲੀਅਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸੰਗੋਵਾਲ ਜ਼ਿਲ੍ਹਾ ਜਲੰਧਰ

ਸ਼੍ਰੀਮਤੀ ਗੁਰਪ੍ਰੀਤ ਕੌਰ, ਲੈਕਚਰਾਰ ਬਾਇਆਲੋਜੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ,ਬੜਾ ਪਿੰਡ ਹੁਣ ਲੀਅਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ,ਸੰਗੋਵਾਲ ਜ਼ਿਲ੍ਹਾ ਜਲੰਧਰ ਵਿਰੁੱਧ ਦੋਸ ਹੈ ਕਿ ਉਹ ਮਿਤੀ 02-06-2002 ਤੋਂ ਲਗਾਤਾਰ ਆਪਣੀ ਡਿਊਟੀ ਤੋ ਬਿਨਾਂ ਇਤਲਾਹ ਗੈਰ ਹਾਜਰ ਹੈ। ਇਸ ਕਰਕੇ ਉਸਨੇ ਆਪਣੇ ਆਪ ਨੂੰ ਸਜਾ ਤੇ ਅਪੀਲ ਰੂਲਜ਼ 1970 ਅਧੀਨ ਸਜਾ ਦਾ ਭਾਗੀ ਬਣਾਇਆ ਹੈ।

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ),ਪੰਜਾਬ।

## <u>ਦੋਸ਼ ਵਿਵਰਣ</u>

ਦੋਸ ਵਿਵਰਣ ਵਿਰੁੱਧ-ਸ਼੍ਰੀਮਤੀ ਗੁਰਪ੍ਰੀਤ ਕੌਰ, ਲੈਕਚਰਾਰ ਬਾਇਆਲੋਜੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬੜਾ ਪਿੰਡ ਹੁਣ ਲੀਅਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸੰਗੋਵਾਲ ਜ਼ਿਲ੍ਹਾ ਜਲੰਧਰ।

ਸ਼੍ਰੀਮਤੀ ਗੁਰਪ੍ਰੀਤ ਕੌਰ, ਲੈਕਚਰਾਰ ਬਾਇਆਲੋਜੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬੜਾ ਪਿੰਡ ਹੁਣ ਲੀਅਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸੰਗੋਵਾਲ ਜ਼ਿਲ੍ਹਾ ਜਲੰਧਰ ਵਿਰੁੱਧ ਦੋਸ ਹੈ ਕਿ ਉਹ ਮਿਤੀ 02-06-2002 ਤੋਂ ਅਣ-ਅਧਿਕਾਰਤ ਤੌਰ ਤੇ ਆਪਣੀ ਡਿਊਟੀ ਤੋਂ ਗੈਰ ਹਾਜ਼ਰ ਚਲੀ ਆ ਰਹੀ ਹੈ। ਇਸ ਤਰ੍ਹਾ ਕਰਕੇ ਇਕ ਅਧਿਆਪਕ ਹੋਣ ਦੇ ਨਾਤੇ ਨਾ ਕੇਵਲ ਆਪਣੀ ਡਿਉਟੀ ਵਿਚ ਕੁਤਾਹੀ ਕੀਤੀ ਹੈ ਸਗੋਂ ਬੱਚਿਆਂ ਦੀ ਪੜ੍ਹਾਈ ਦਾ ਵੀ ਨੁਕਸਾਨ ਕੀਤਾ ਹੈ।

ਅਜਿਹਾ ਕਰਕੇ ਕਰਮਚਾਰਨ ਨੇ ਨਿਯਮਾਂ ਹਦਾਇਤਾਂ ਦੀ ਘੋਰ ਉਲੰਘਣਾਂ ਕੀਤੀ ਹੈ ਅਤੇ ਆਪਣੇ ਆਪ ਨੂੰ ਸਜਾ ਤੇ ਅਪੀਲ ਰੂਲਜ਼ 1970 ਅਧੀਨ ਸਜਾ ਦਾ ਭਾਗੀ ਬਣਾਇਆ ਹੈ।

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ),ਪੰਜਾਬ।

120

<u>ਗਵਾਹਾਂ ਦੀ ਸੂਚੀ</u>

ਗਵਾਹਾਂ ਦੀ ਸੂਚੀ ਵਿਰੁੱਧ- ਸ਼੍ਰੀਮਤੀ ਗੁਰਪ੍ਰੀਤ ਕੋਰ, ਲੈਕਚਰਾਰ ਬਾਇਆਲੋਜੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬੜਾ ਪਿੰਡ ਹੁਣ ਲੀਅਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸੰਗੋਵਾਲ ਜ਼ਿਲ੍ਹਾ ਜਲੰਧਰ ।

1. ਪ੍ਰਿਸੀਪਲ, ਸਸਸਸ, ਬੜਾ ਪਿੰਡ ਜ਼ਿਲ੍ਹਾ ਜਲੰਧਰ ।
2. ਪ੍ਰਿੰਸੀਪਲ, ਸਸਸਸ, ਸੰਗੋਵਾਲ ਜਿਲਾ ਜਲੰਧਰ
3. ਸਬੰਧਤ ਸਕੂਲ ਦੇ ਕਲਰਕ ।

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ), ਪੰਜਾਬ।

<u>ਦਸਤਾਵੇਜਾ ਦੀ ਸੂਚੀ</u>

ਦਸਤਾਵੇਜਾਂ ਦੀ ਸੂਚੀ ਵਿਰੁੱਧ- ਸ਼੍ਰੀਮਤੀ ਗੁਰਪ੍ਰੀਤ ਕੋਰ, ਲੈਕਚਰਾਰ ਬਾਇਆਲੋਜੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬੜਾ ਪਿੰਡ ਹੁਣ ਲੀਅਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸੰਗੋਵਾਲ ਜ਼ਿਲ੍ਹਾ ਜਲੰਧਰ ।

1. ਜਿਲਾ ਸਿਖਿਆ ਅਫਸਰ (ਸੈ:ਸਿ:), ਜਲੰਧਰ ਦੀ ਰਿਪੋਰਟ
2. ਸਬੰਧਤ ਸਕੂਲ ਦੇ ਹਾਜਰੀ ਰਜਿਸਟਰਡ ਅਤੇ ਹੋਰ ਰਿਕਾਰਡ।

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ), ਪੰਜਾਬ।